The Legal Assistance Establishment which is called "KANOONI SAARTHI" in Punjab will provide the following facilities:

i. Helpline No.1968;
ii. Dedicated landline Telephone : 0172-2216690
iii. Dedicated email: lae.punjab@pulsa.gov.in
iv. Video Conferencing with District Legal Services Authorities and Jails;
v. Mobile phone with dedicated number- 8284866885
vi. Internet facilities for linking with the website of Supreme Court, Punjab and Haryana High Court, Punjab District Courts, NALSA and other important Courts/Tribunals and availing information from website of PULSA itself.
vii. Services of a legal aid lawyer to provide legal aid and advice.
viii. PLV to assist the legal aid lawyer and to help the litigants in filling up forms for legal aid etc.
ix. The dedicated Helpline No. 1968 of PULSA would be operated from the Centre itself during working hours and thereafter access to it would be possible through the phone facility provided to Legal Aid Counsel assigned duties for the said activity.
x. Video Conferencing facility provided in this Centre may be used by litigants as well as by PULSA/DLSAs for proper response in respect of inquiry about any activity of respective DLSAs or to facilitate communication of parties including jail inmates with their legal aid counsels or the concerned DLSA.

The legal aid beneficiaries may approach "KANOONI SAARTHI" for the purposes of:

i. getting information about the activities of PULSA/DLSAs,
ii. for knowing about the status of their case pending in or disposed of by different courts,
iii. for legal aid anywhere in Punjab,
iv. for seeking legal aid and advice. Beneficiaries may also approach for information about Schemes of NALSA and PULSA and if they needed help in availing benefits under the different Government Schemes.

*********

Printed at : Puncofed, Chd. Ph. 5055990

# PUNJAB STATE LEGAL SERVICES AUTHORITY

## *Legal Assistance Establishment*
## "ਕਾਨੂੰਨੀ ਸਾਰਥੀ"
## "KANOONI SAARTHI"



**Punjab State Legal Services Authority**
Site No.126, Sector-69, SAS Nagar (Mohali)
email: **lae.punjab@pulsa.gov.in**
Website: **www.pulsa.gov.in**
Phone: **0172 - 2216690 - 2216750**
Toll Free Helpline No. **1968**

# LEGAL ASSISTANCE ESTABLISHMENT "KANOONI SAARTHI"

**Hon'ble Mr. Justice Dipak Misra, Judge, Supreme Court of India and Executive Chairman, NALSA on the occasion of Inauguration of Legal Assistance Establishment, Punjab State Legal Services Authority, dated 9th July, 2017, in the Keynote Address stated that:**

"Today is a day which opens a new chapter in the progressive history of National Legal Services Authority. Almost a month back, we had taken a policy decision to have Legal Assistance Establishment (LAE) in the offices where State Legal Services Authority functions and the effort was to have them first in four cities i.e. Delhi, Mumbai, Kolkata and Chennai. With the passage of time, as the idea got floated, other authorities have come forward to have the same establishments and, in fact, you will be glad to know that there are authorities who have got adjacent building to the SLSA building to make a well equipped office of LAE. I can, for the present, give one instance. Jharkhand Legal Service Authority has a new building which they intended to expand but has accepted to the LAE in the said building. That is likely to take place by 15th of June, 2017.

I must mention here that acceptance of an idea is one thing but to materialise the same to an action is quite different. Therefore, as the Executive Chairman of NALSA, I had discussions with Justice Mittal and Justice Bhat to open the LAE at the Delhi State Legal Service Authority building and thereafter circulate the blue print of the same so that other State Legal Services Authorities can follow the same or, if they are better equipped, may improve upon that."

Based on the Keynote Address by Hon'ble Mr. Justice Dipak Misra, Judge, Supreme Court of India and Executive Chairman, NALSA, Punjab State Legal Services Authority also decided to establish Legal Assistance Establishment and the same has been inaugurated by Hon'ble Mr. Justice Dipak Misra, Judge, Supreme Court of India and Executive Chairman, NALSA on 9th July, 2017.

## Purpose of Legal Assistance Establishment:

1. Legal Assistance Establishments are multiple services-single point establishment for providing facilities for legal aid seekers under one roof and at a single location.
2. Legal Assistance Establishments are a strategic cornerstone of the Legal Services Authorities as a part of their commitment to update the legal services seekers about their cases and address the grievances of legal services beneficiaries at one stop centre.
3. The Legal Assistance Establishment (Kanooni Sarthi) would be manned by Legal Services Advocates on the panel of Punjab Legal Services Authority (PULSA)/District Legal Services Authorities (DLSAs) along with staff of PULSA besides Para Legal Volunteers who would have knowledge about and be in possession of data base of all the activities of PULSA/DLSAs as well as other information that may be required by people mainly who are either legal services beneficiaries or the legal services seekers. The Data Base would include the status of all legal aided cases pending in various courts of Punjab.
4. Legal Assistance Establishments are more than delivery points in State Legal Services Authorities. Earlier whenever, a Legal Aid Seeker went to the State Legal Services Authority, he was either asked to approach the District Legal Services Authority or any other forum. With the introduction of the LAE endeavour has been made to connect a person at State Legal Services Authority with District Legal Services Authority Secretary or the Panel Advocate as the case may be. The facility of video conferencing would help the under-trial in jail to connect and brief his counsel provided by Legal Services Institutions.

**The Legal Assistance Establishments would provide to the beneficiaries, viz.**

i. quick information about their case status pending in any of the districts,

ii. legal aid & advice, and

iii. information about various schemes of NALSA, Central/State Governments, etc.

**The Legal Services Establishments shall render:**

i. meaningful service to the people in need of legal assistance particularly women, children, senior citizens, Scheduled Caste/Scheduled Tribe or Socially and Economically Backward Class persons and people in distress;

ii. service to make people aware of their rights and the benefits of schemes introduced by the Central and State Government from time to time;

iii. necessary help to common people in mitigating their grievance with the Government offices, authorities and other institutions;

iv. necessary assistance in the spread of legal awareness among people, and

v. any other service which may be assigned by the State Legal Services Authority from time to time.

# ਲੀਗਲ ਅਸਿਸਟੈਂਸ ਇਸਟੈਬਲਿਸ਼ਮੈਂਟ
# "ਕਾਨੂੰਨੀ ਸਾਰਥੀ"
# ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ

ਮਾਨਯੋਗ ਮਿਸਟਰ ਜਸਟਿਸ ਦੀਪਕ ਮਿਸਰਾ, ਜੱਜ, ਸੁਪਰੀਮ ਕੋਰਟ ਆਫ ਇੰਡੀਆ ਅਤੇ ਕਾਰਜਕਾਰੀ ਚੇਅਰਮੈਨ, ਕੌਮੀ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਲੀਗਲ ਅਸਿਸਟੈਂਸ ਇਸਟੈਬਲਿਸ਼ਮੈਂਟ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਉਦਘਾਟਨੀ ਸਮਾਰੋਹ ਮਿਤੀ 09.07.2017 ਦੌਰਾਨ ਸੰਖੇਪ ਸੰਬੋਧਨ ਕੀਤਾ ਗਿਆ।

"ਅੱਜ ਦੇ ਦਿਨ ਕੌਮੀ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਪ੍ਰਫੁਲੱਤ ਇਤਿਹਾਸ ਵਿੱਚ ਨਵੇਂ ਅਧਿਆਏ ਦੀ ਸਿਰਜਣਾ ਹੋਈ। ਲਗਭਗ ਇੱਕ ਮਹੀਨਾ ਪਹਿਲਾਂ, ਅਸੀਂ ਸਮੂਹ ਰਾਜ ਕਾਨੂੰਨੀ ਸੇਵਾਵਾਂ ਅਥਾਰਟੀਆਂ ਦੇ ਦਫ਼ਤਰਾਂ ਵਿੱਚ ਲੀਗਲ ਅਸਿਸਟੈਂਸ ਇਸਟੈਬਲਿਸ਼ਮੈਂਟ ਸਥਾਪਿਤ ਕਰਨ ਦਾ ਇੱਕ ਵਿਸ਼ੇਸ਼ ਨੀਤੀ ਅਧੀਨ ਫੈਸਲਾ ਲਿਆ ਅਤੇ ਪਹਿਲ ਦੇ ਆਧਾਰ ਤੇ ਚਾਰ ਪ੍ਰਮੁੱਖ ਸ਼ਹਿਰ (ਦਿੱਲੀ, ਮੁੰਬਈ, ਕੋਲਕਾਤਾ ਅਤੇ ਚੇਨਈ) ਵਿੱਚ ਸਥਾਪਿਤ ਕੀਤੇ ਗਏ। ਸਮਾਂ ਬੀਤਣ ਨਾਲ, ਜਿਵੇਂ ਜਿਵੇਂ ਇਹ ਵਿਚਾਰ ਪ੍ਰਫੁੱਲਤ ਹੋਇਆ ਦੂਜੀਆਂ ਅਥਾਰਟੀਆਂ ਵੀ ਇਸੇ ਤਰਜ ਤੇ ਲੀਗਲ ਅਸਿਸਟੈਂਸ ਇਸਟੈਬਲਿਸ਼ਮੈਂਟ ਸਥਾਪਿਤ ਕਰਨ ਲਈ ਅੱਗੇ ਆਈਆਂ ਅਤੇ ਅਸਲ ਵਿੱਚ ਤੁਹਾਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਕੁਝ ਅਜਿਹੀਆਂ ਅਥਾਰਟੀਆਂ ਵੀ ਮੌਜੂਦ ਹਨ, ਜਿਨ੍ਹਾਂ ਵੱਲੋਂ ਆਧੁਨਿਕ ਸਹੂਲਤਾਂ ਨਾਲ ਭਰਪੂਰ ਇਮਾਰਤਾਂ ਵਿੱਚ ਲੀਗਲ ਅਸਿਸਟੈਂਸ ਇਸਟੈਬਲਿਸ਼ਮੈਂਟ ਦੀ ਸਥਾਪਨਾ ਕੀਤੀ ਗਈ। ਅਜੋਕੇ ਸਮੇਂ ਵਿੱਚ ਮੈਂ ਇਹ ਉਦਾਹਰਣ ਦੇ ਕੇ ਕਹਿਣਾ ਚਾਹੁੰਦਾ ਹਾਂ ਕਿ ਝਾਰਖੰਡ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਫ਼ਤਰ ਦੀ ਆਪਣੀ ਬਿਲਡਿੰਗ ਜਿਸ ਵਿੱਚ ਕਿ ਹੋਰ ਵਾਧਾ ਕੀਤਾ ਜਾਣਾ ਸੀ ਅਤੇ ਉਹਨਾਂ ਵੱਲੋਂ ਲੀਗਲ ਅਸਿਸਟੈਂਸ ਇਸਟੈਬਲਿਸ਼ਮੈਂਟ ਦੀ ਸਥਾਪਨਾ ਉਸ ਬਿਲਡਿੰਗ ਵਿੱਚ ਕੀਤੀ ਗਈ ਹੈ।

ਮੈਂ ਇਹ ਜਰੂਰ ਕਹਿਣਾ ਚਾਹੁੰਦਾ ਹਾਂ ਕਿ ਇਸ ਵਿਚਾਰ ਨੂੰ ਸਵੀਕਾਰ ਕਰਨਾ ਇੱਕ ਵੱਖਰੀ ਗੱਲ ਹੈ ਪ੍ਰੰਤੂ ਉਸਨੂੰ ਅਮਲੀ ਜਾਮਾ ਪਹਿਨਾਉਣਾ ਬਿਲਕੁੱਲ ਅਲੱਗ ਹੈ। ਇਸ ਲਈ, ਕੌਮੀ ਕਾਨੂੰਨੀ ਸੇਵਾਵਾਂ ਅਥਾਰਟੀ ਦਾ ਕਾਰਜਕਾਰੀ ਚੇਅਰਮੈਨ ਹੋਣ ਦੇ ਨਾਤੇ ਮੇਰੇ ਵੱਲੋਂ ਦਿੱਲੀ ਵਿੱਚ ਲੀਗਲ ਅਸਿਸਟੈਂਸ ਇਸਟੈਬਲਿਸ਼ਮੈਂਟ ਖੋਲਣ ਲਈ ਜਸਟਿਸ ਮਿੱਤਲ ਅਤੇ ਜਸਟਿਸ ਭੱਟ ਨਾਲ ਸਲਾਹ ਮਸ਼ਵਰਾ ਕੀਤਾ ਗਿਆ ਅਤੇ ਉਸ ਤੋਂ ਬਾਅਦ ਇਸਨੂੰ ਲਿਖਤੀ ਰੂਪ ਵਿੱਚ ਭੇਜਿਆ ਗਿਆ ਤਾਂ ਜੋ ਦੂਜੇ ਰਾਜਾਂ ਦੀਆਂ ਕਾਨੂੰਨੀ ਸੇਵਾਵਾਂ ਅਥਾਰਟੀਆਂ ਵੀ ਇਸਦੀ ਪਾਲਨਾ ਕਰਨ।

ਮਾਨਯੋਗ ਮਿਸਟਰ ਜਸਟਿਸ ਦੀਪਕ ਮਿਸਰਾ, ਜੱਜ, ਸੁਪਰੀਮ ਕੋਰਟ ਆਫ ਇੰਡੀਆ ਅਤੇ ਕਾਰਜਕਾਰੀ ਚੇਅਰਮੈਨ, ਕੌਮੀ ਕਾਨੂੰਨੀ ਸੇਵਾਵਾਂ ਅਥਾਰਟੀ, ਨਵੀਂ ਦਿੱਲੀ ਜੀਆਂ ਦੇ ਸੰਖੇਪ ਸੰਬੋਧਨ ਦੇ ਆਧਾਰ ਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਲੀਗਲ ਅਸਿਸਟੈਂਸ ਇਸਟੈਬਲਿਸ਼ਮੈਂਟ ਸਥਾਪਿਤ ਕਰਨ ਦਾ ਫੈਸਲਾ ਕੀਤਾ ਗਿਆ ਜਿਸਦਾ ਉਦਘਾਟਨ ਮਾਨਯੋਗ ਮਿਸਟਰ ਜਸਟਿਸ ਦੀਪਕ ਮਿਸਰਾ, ਜੱਜ, ਸੁਪਰੀਮ ਕੋਰਟ ਆਫ ਇੰਡੀਆ ਅਤੇ ਕਾਰਜਕਾਰੀ ਚੇਅਰਮੈਨ, ਕੌਮੀ ਕਾਨੂੰਨੀ ਸੇਵਾਵਾਂ ਅਥਾਰਟੀ, ਨਵੀਂ ਦਿੱਲੀ ਵੱਲੋਂ ਮਿਤੀ 09.07.2017 ਨੂੰ ਕੀਤਾ ਗਿਆ।

**ਲੀਗਲ ਅਸਿਸਟੈਂਸ ਇਸਟੈਬਲਿਸ਼ਮੈਂਟ ਦਾ ਮੰਤਵ :**

1. ਕਾਨੂੰਨੀ ਸੇਵਾਵਾਂ ਲੈਣ ਦੇ ਚਾਹਵਾਨਾਂ ਲਈ ਲੀਗਲ ਅਸਿਸਟੈਂਸ ਇਸਟੈਬਲਿਸ਼ਮੈਂਟਸ ਇੱਕੋ ਸਥਾਨ ਤੇ ਸਹੂਲਤਾਂ ਦੇਣ ਵਾਲੀਆਂ ਬਹੁਮੰਤਵੀ ਸੰਸਥਾਵਾਂ ਗਿਣੀਆਂ ਜਾਂਦੀਆਂ ਹਨ।
2. ਕਾਨੂੰਨੀ ਸੇਵਾਵਾਂ ਲੈਣ ਦੇ ਚਾਹਵਾਨਾਂ ਲਈ ਉਹਨਾਂ ਦੇ ਕੇਸਾਂ ਅਤੇ ਝਗੜਿਆਂ ਨੂੰ ਸੁਲਝਾਉਣ ਦੀ ਕਾਬਲੀਅਤ ਪ੍ਰਤੀ ਕਾਨੂੰਨੀ ਸੇਵਾਵਾਂ ਅਥਾਰਟੀਆਂ ਦੀ ਵੱਚਨਬੱਧਤਾ ਵਿੱਚ ਲੀਗਲ ਅਸਿਸਟੈਂਸ ਇਸਟੈਬਲਿਸ਼ਮੈਂਟਸ ਮਹੱਤਵਪੂਰਨ ਹਿੱਸੇਦਾਰ ਹਨ।
3. ਲੀਗਲ ਅਸਿਸਟੈਂਸ ਇਸਟੈਬਲਿਸ਼ਮੈਂਟਸ (ਕਾਨੂੰਨੀ ਸਾਰਥੀ) ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ/ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਪੈਨਲ ਦੇ ਵਕੀਲਾਂ ਅਤੇ ਸਟਾਫ ਦੇ ਨਾਲ ਨਾਲ ਪੈਰ੍ਹਾ ਲੀਗਲ ਵਲੰਟੀਅਰ ਜਿਨ੍ਹਾਂ ਨੂੰ ਕਾਨੂੰਨੀ ਸੇਵਾਵਾਂ ਦੀ ਜਾਣਕਾਰੀ ਹੋਵੇ, ਵੱਲੋਂ ਚਲਾਏ ਜਾਣਗੇ।
4. ਲੀਗਲ ਅਸਿਸਟੈਂਸ ਇਸਟੈਬਲਿਸ਼ਮੈਂਟਸ, ਕਾਨੂੰਨੀ ਸੇਵਾਵਾਂ ਅਥਾਰਟੀਆਂ ਵਿੱਚ ਇੱਕ ਡਿਲੀਵਰੀ ਪੁਆਇੰਟ ਤੋਂ ਵਧੇਰੇ ਭੂਮਿਕਾ ਨਿਭਾਉਣਗੇ। ਇਸ ਤੋਂ ਪਹਿਲਾਂ ਜਦੋਂ ਵੀ ਕੋਈ ਕਾਨੂੰਨੀ ਸੇਵਾਵਾਂ ਅਥਾਰਟੀਆਂ ਦੇ ਦਫ਼ਤਰ ਨਾਲ ਸੰਪਰਕ ਕਰਦਾ ਸੀ ਜਾਂ ਤਾਂ ਉਸਨੂੰ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀਆਂ ਦੇ ਦਫ਼ਤਰਾਂ ਜਾਂ ਫਿਰ ਕਿਸੇ ਹੋਰ ਫੋਰਮ ਵਿੱਚ ਭੇਜ ਦਿੱਤਾ ਜਾਂਦਾ ਸੀ। ਪ੍ਰੰਤੂ ਲੀਗਲ ਅਸਿਸਟੈਂਸ ਇਸਟੈਬਲਿਸ਼ਮੈਂਟਸ, ਕਾਨੂੰਨੀ ਸੇਵਾਵਾਂ ਲੈਣ ਦੇ ਚਾਹਵਾਨ ਨੂੰ ਸਕੱਤਰ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀਆਂ ਜਾਂ ਪੈਨਲ ਐਡਵੋਕੇਟ ਨਾਲ ਸੰਪਰਕ ਕਰਨ ਵਿੱਚ ਮਦਦ ਕਰਦੀ ਹੈ। ਵੀਡੀਓ ਕਾਨਫਰੰਸਿਗ ਦੀ ਸਹੂਲਤ ਜੇਲ੍ਹਾਂ ਵਿੱਚ ਹਵਾਲਾਤੀਆਂ/ ਕੈਦੀਆਂ ਨੂੰ ਕਾਨੂੰਨੀ ਸੇਵਾਵਾਂ ਅਥਾਰਟੀਆਂ ਵੱਲੋਂ ਦਿੱਤੇ ਗਏ ਵਕੀਲਾਂ ਨਾਲ ਸੰਪਰਕ ਕਰਨ ਵਿੱਚ ਮਦਦ ਕਰਦੀ ਹੈ।

**ਲੀਗਲ ਅਸਿਸਟੈਂਸ ਇਸਟੈਬਲਿਸ਼ਮੈਂਟਸ ਕਾਨੂੰਨੀ ਸੇਵਾਵਾਂ ਦੇ ਲਾਭਪਾਤਰੀਆਂ ਨੂੰ ਇਹ ਸਹੂਲਤਾਂ ਪ੍ਰਦਾਨ ਕਰਦੀ ਹੈ–**

1. ਕਿਸੇ ਵੀ ਜਿਲ੍ਹੇ ਵਿੱਚ ਉਹਨਾਂ ਦੇ ਪੈਂਡਿੰਗ ਕੇਸਾਂ ਦੀ ਜਾਣਕਾਰੀ ਮੁਹੱਈਆ ਕਰਵਾਉਣਾ।
2. ਕਾਨੂੰਨੀ ਸਹਾਇਤਾ ਅਤੇ ਸਲਾਹ ਮਸ਼ਵਰਾ ਦੇਣਾ।
3. ਕੌਮੀ ਕਾਨੂੰਨੀ ਸੇਵਾਵਾਂ ਅਥਾਰਟੀ, ਕੇਂਦਰੀ ਅਤੇ ਰਾਜ ਸਰਕਾਰਾਂ ਦੀਆਂ ਵੱਖ ਵੱਖ ਸਕੀਮਾਂ ਦੀ ਜਾਣਕਾਰੀ ਦੇਣਾ।

**ਲੀਗਲ ਅਸਿਸਟੈਂਸ ਇਸਟੈਬਲਿਸ਼ਮੈਂਟਸ ਹੇਠ ਲਿਖੀਆਂ ਸੇਵਾਵਾਂ ਪ੍ਰਦਾਨ ਕਰਦੀਆਂ ਹਨ :**

1. ਲੋੜਵੰਦ ਜਨਤਾ, ਖਾਸ ਤੌਰ ਤੇ ਔਰਤਾਂ, ਬੱਚੇ, ਬਜ਼ੁਰਗ, ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲੇ ਜਾਂ ਸਮਾਜਿਕ ਅਤੇ ਆਰਥਿਕ ਤੌਰ ਤੇ ਪੱਛੜੀਆਂ ਸ਼੍ਰੇਣੀਆਂ ਦੇ ਲੋਕਾਂ ਅਤੇ ਬਿਪਤਾ ਦੇ ਮਾਰੇ ਲੋਕਾਂ ਨੂੰ ਸਾਰਥਿਕ ਕਾਨੂੰਨੀ ਸੇਵਾਵਾਂ ਪ੍ਰਦਾਨ ਕਰਦੀਆਂ ਹਨ।
2. ਲੋਕਾਂ ਨੂੰ ਉਹਨਾਂ ਦੇ ਹੱਕਾਂ ਪ੍ਰਤੀ ਜਾਗਰੂਕ ਕਰਨ ਦੀਆਂ ਸੇਵਾਵਾਂ ਅਤੇ ਕੇਂਦਰੀ ਅਤੇ ਰਾਜ ਸਰਕਾਰਾਂ ਦੀਆਂ ਵੱਖ ਵੱਖ ਸਕੀਮਾਂ ਦੇ ਲਾਭਾਂ ਤੋਂ ਸਮੇਂ ਸਮੇਂ ਸਿਰ ਜਾਣੂ ਕਰਾਉਣਾ।
3. ਸਰਕਾਰੀ ਦਫ਼ਤਰਾਂ, ਅਥਾਰਟੀਆਂ ਅਤੇ ਹੋਰ ਸੰਸਥਾਵਾਂ ਵਿੱਚ ਆਮ ਜਨਤਾ ਦੇ ਝਗੜਿਆਂ ਦੇ ਨਿਵਾਰਣ ਲਈ ਜਰੂਰੀ ਮਦਦ ਪ੍ਰਦਾਨ ਕਰਨਾ।
4. ਆਮ ਜਨਤਾ ਵਿੱਚ ਕਾਨੂੰਨੀ ਜਾਗਰੂਕਤੀ ਫੈਲਾਉਣੀ।
5. ਅਜਿਹੀ ਕੋਈ ਕਾਨੂੰਨੀ ਸੇਵਾ, ਜਿਹੜੀ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਸਮੇਂ ਸਮੇਂ ਤੇ ਸੌਂਪੀ ਗਈ ਹੋਵੇ।

**ਪੰਜਾਬ ਵਿੱਚ ਲੀਗਲ ਅਸਿਸਟੈਂਸ ਇਸਟੈਬਲਿਸ਼ਮੈਂਟ "ਕਾਨੂੰਨੀ ਸਾਰਥੀ" ਹੇਠ ਲਿਖੀਆਂ ਸਹੂਲਤਾਂ ਪ੍ਰਦਾਨ ਕਰੇਗਾ :**

1. ਹੈਲਪ ਲਾਈਨ ਨੰ. 1968
2. ਵਿਸ਼ੇਸ਼ ਲੈਂਡਲਾਈਨ ਨੰ. 0172 – 2216690
3. ਵਿਸ਼ੇਸ਼ ਈ – ਮੇਲ ਆਈ.ਡੀ.
   lae.punjab@pulsa.gov.in
4. ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀਆਂ ਅਤੇ ਜੇਲ੍ਹਾਂ ਨਾਲ ਵੀਡੀਓ ਕਾਨਫਰੰਸਿੰਗ।
5. ਵਿਸ਼ੇਸ਼ ਮੋਬਾਇਲ ਫੋਨ ਨੰ. 82848-66885
6. ਸੁਪਰੀਮ ਕੋਰਟ, ਪੰਜਾਬ ਅਤੇ ਹਰਿਆਣਾ ਹਾਈਕੋਰਟ, ਪੰਜਾਬ ਦੀਆਂ ਜਿਲ੍ਹਾ ਅਦਾਲਤਾਂ, ਕੌਮੀ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਹੋਰ ਵਿਸ਼ੇਸ਼ ਕੋਰਟਾਂ ਅਤੇ ਟ੍ਰਿਬਿਊਨਲਾਂ ਨਾਲ ਸੰਪਰਕ ਕਰਨ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾ ਅਥਾਰਟੀ ਦੀ ਵੈਬ-ਸਾਈਟ ਤੋਂ ਜਾਣਕਾਰੀ ਲੈਣ ਲਈ ਇੰਟਰਨੈੱਟ ਸੁਵਿਧਾ।
7. ਕਾਨੂੰਨੀ ਸਹਾਇਤਾ ਅਤੇ ਸਲਾਹ ਮਸ਼ਵਰਾ ਦੇਣ ਲਈ ਲੀਗਲ ਏਡ ਵਕੀਲਾਂ ਦੀਆਂ ਸੇਵਾਵਾਂ।
8. ਲੀਗਲ ਏਡ ਵਕੀਲਾਂ ਨੂੰ ਸਹਿਯੋਗ ਦੇਣ ਅਤੇ ਲਿਟੀਗੈਂਟਸ ਨੂੰ ਕਾਨੂੰਨੀ ਸੇਵਾਵਾਂ ਦੇਣ ਸੰਬੰਧੀ ਦਰਖਾਸਤ ਫਾਰਮ ਭਰਨ ਵਿੱਚ ਮਦਦ ਕਰਨ ਲਈ ਪੈਰ੍ਹਾ ਲੀਗਲ ਵਲੰਟੀਅਰ ਦੀਆਂ ਸੇਵਾਵਾਂ।
9. ਪੰਜਾਬ ਰਾਜ ਕਾਨੂੰਨੀ ਸੇਵਾਵਾ ਅਥਾਰਟੀ ਦਾ ਵਿਸ਼ੇਸ਼ ਹੈਲਪ ਲਾਈਨ ਨੰ. 1968 ਦਾ ਸੰਚਾਲਨ ਦਫ਼ਤਰੀ ਸਮੇਂ ਦੌਰਾਨ ਸੈਂਟਰ ਤੋਂ ਹੋਵੇਗਾ ਅਤੇ ਦਫ਼ਤਰੀ ਸਮੇਂ ਤੋਂ ਬਾਅਦ ਇਹ ਸਹੂਲਤ ਡਿਊਟੀ ਤੇ ਤੈਨਾਤ ਲੀਗਲ ਏਡ ਕੌਂਸਲ ਦੇ ਫੋਨ ਤੇ ਉਪਲਬੱਧ ਹੋਵੇਗੀ।
10. ਸੰਬੰਧਤ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਕਿਸੇ ਕੰਮ ਦੀ ਪੜਤਾਲ ਲਈ ਜਾਂ ਪਾਰਟੀਆਂ (ਸਮੇਤ ਜੇਲ ਕੈਦੀਆਂ) ਦੀ ਉਹਨਾਂ ਦੇ ਲੀਗਲ ਏਡ ਕੌਂਸਲ ਨਾਲ ਸਿੱਧਾ ਸੰਪਰਕ ਕਰਨ ਦੇ ਢੰਗ ਨੂੰ ਸੌਖਾ ਅਤੇ ਪਾਰਦਰਸ਼ੀ ਬਣਾਉਣ ਲਈ ਸੈਂਟਰ ਵਿੱਚ ਵੀਡੀਓ ਕਾਨਫਰੰਸਿਗ ਦੀ ਸਹੂਲਤ।

**ਕਾਨੂੰਨੀ ਸਹਾਇਤਾ ਦੇ ਲਾਭਪਾਤਰੀ "ਕਾਨੂੰਨੀ ਸਾਰਥੀ" ਨਾਲ ਹੇਠ ਲਿਖੇ ਮੰਤਵਾਂ ਲਈ ਸੰਪਰਕ ਕਰ ਸਕਦੇ ਹਨ:**

1. ਪੰਜਾਬ ਰਾਜ ਕਾਨੂੰਨੀ ਸੇਵਾਵਾ ਅਥਾਰਟੀ/ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀਆਂ ਦੀਆਂ ਗਤੀਵਿਧੀਆਂ ਸੰਬੰਧੀ ਜਾਣਕਾਰੀ ਪ੍ਰਾਪਤ ਕਰਨਾ।
2. ਅਲੱਗ ਅਲੱਗ ਕੋਰਟਾਂ ਵਿੱਚ ਪੈਂਡਿੰਗ ਕੇਸਾਂ/ ਫੈਸਲਾਕੁੰਨ ਕੇਸਾਂ ਦੀ ਜਾਣਕਾਰੀ ਪ੍ਰਾਪਤ ਕਰਨਾ।
3. ਪੰਜਾਬ ਵਿੱਚ ਕਾਨੂੰਨੀ ਸੇਵਾਵਾਂ ਲੈਣ ਲਈ।
4. ਕਾਨੂੰਨੀ ਸਹਾਇਤਾ ਅਤੇ ਕਾਨੂੰਨੀ ਸਲਾਹ ਮਸ਼ਵਰਾ ਪ੍ਰਾਪਤ ਕਰਨ ਲਈ। ਕਾਨੂੰਨੀ ਸੇਵਾਵਾਂ ਲੈਣ ਦੇ ਚਾਹਵਾਨ ਜੇਕਰ ਕੌਮੀ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੀਆਂ ਸਕੀਮਾਂ ਦਾ ਲਾਭ ਲੈਣਾਂ ਚਾਹੁੰਦੇ ਹੋਣ ਤਾਂ ਉਹ ਸੰਪਰਕ ਕਰ ਸਕਦੇ ਹਨ।

*********

Printed at : Puncofed, Chd. Ph. 5055990

# ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ

## ਲੀਗਲ ਅਸਿਸਟੈਂਸ ਇਸਟੈਬਲਿਸ਼ਮੈਂਟ
# "ਕਾਨੂੰਨੀ ਸਾਰਥੀ"
# "KANOONI SAARTHI"



ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ,
ਸਾਈਟ ਨੰ:126, ਸੈਕਟਰ 69, ਐਸ.ਏ.ਐਸ. ਨਗਰ (ਮੋਹਾਲੀ)
ਈ-ਮੇਲ – lae.punjab@pulsa.gov.in
ਵੈਬਸਾਈਟ – www.pulsa.gov.in
ਫੋਨ ਨੰ. – 0172-2216690, 2216750
ਟੋਲ ਫ੍ਰੀ ਹੈਲਪਲਾਈਨ ਨੰ. – 1968